ਅੱਜ ਦੀ ਆਵਾਜ਼

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼...

ਸਫਾ 1 ਦੀ ਬਾਕੀ

ਸਾਹਿਬ ਵਿੱਚ ਬੀਤੇ ਦਿਨਾਂ ਤੋਂ ਆਰੰਭ ਕਰਵਾਏ ਧੁਰ ਕੀ ਬਾਨੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਧਾਰਮਿਕ ਦੀਵਾਨ ਸਜਾਇਆ ਗਿਆ, ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਅਨਮੋਲ ਕੀਰਤਨ ਅਤੇ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਹਾਜ਼ਰ ਸੰਗਤਾਂ ਵਿੱਚ ਸ੍. ਗਗਨ ਅਜੀਤ ਸਿੰਘ ਪ੍ਰਮਾਰ ਕੌਮੀ ਪ੍ਰਧਾਨ ਪੰਜਾਬ ਪ੍ਰਦੇਸ਼ ਰਾਜਪੂਤ ਕੌਂਸਲ ਉਚੇਚੇ ਤੌਰ ਤੇ ਸ਼ਾਮਲ ਹੋਏ। ਹੋਰਨਾਂ ਵਿੱਚ ਜਥੇਦਾਰ ਪ੍ਰੀਤਮ ਸਿੰਘ ਮੈਂਬਰ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸਕੱਤਰ ਜਨਰਲ ਪੰਜਾਬ ਪ੍ਰਦੇਸ਼ ਰਾਜਪੂਤ ਕੌਂਸਲ, ਸ੍. ਮਹਿੰਦਰ ਸਿੰਘ ਗੋਸੀ, ਸ੍. ਪੂਰਨ ਸਿੰਘ, ਗਿਆਨੀ ਹਰਬੇਲ ਸਿੰਘ, ਸ੍. ਗੁਰਮੀਤ ਸਿੰਘ ਪੱਪੀ, ਸ੍. ਹਰਜੀਤ ਸਿੰਘ ਰਾਠੌਰ, ਸ੍. ਮੁਖਤਿਆਰ ਸਿੰਘ ਯੂ.ਐੱਸ.ਏ., ਸ੍ਰੀ ਕੁਲਵੰਤ ਸਿੰਘ, ਸ੍. ਸੇਵਾ ਸਿੰਘ ਸਰਪੰਚ, ਸ੍. ਭਗਤ ਸਿੰਘ ਪ੍ਰਧਾਨ, ਸ੍. ਮਨਜੀਤ ਸਿੰਘ, ਪਰਮਜੀਤ ਸਿੰਘ, ਸ੍. ਸੁਖਦੇਵ ਸਿੰਘ, ਸ੍. ਜਗੀਰ ਸਿੰਘ, ਸੁਖਵਿੰਦਰ ਸਿੰਘ, ਸ੍. ਜਸਬੀਰ ਸਿੰਘ ਮਾਨ, ਗੁਰਪ੍ਰੀਤ ਸਿੰਘ, ਕਰਨੈਲ ਸਿੰਘ, ਸ੍. ਸੁੱਚਾ ਸਿੰਘ, ਸ੍. ਬਲਬੀਰ ਸਿੰਘ, ਗੁਰਬਖਸ਼ ਸਿੰਘ, ਸ੍.ਬਲਵੰਤ ਸਿੰਘ, ਸ੍. ਸਤਨਾਮ ਸਿੰਘ, ਸ੍. ਰੋਸ਼ਨ ਸਿੰਘ ਸਪਾਵਟ, ਸ੍. ਭਜਨ ਸਿੰਘ ਸਮੇਤ ਇਲਾਕੇ ਦੀਆਂ ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਹਸਤੀਆਂ ਹਾਜ਼ਰ ਸਨ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸੇ ਦੌਰਾਨ ਗੁਰਦੁਆਰਾ ਰਣਜੀਤ ਨਗਰ, ਪ੍ਰੀਤ ਨਗਰ, ਸੰਤ ਨਗਰ ਵਿਖੇ ਸਰਬੰਸਦਾਨੀ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਆਗਮਨ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਲੁਧਿਆਣਾ, 5 ਜਨਵਰੀ (ਰਾਜ ਜੋਸ਼ੀ)-ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦਾ ਦਿਹਾੜਾ ਅੱਜ ਸਿੱਖ ਸ਼ਰਧਾਲੂਆ



ਸਮੇਤ ਸਮਾਜ ਦੇ ਹਰ ਵਰਗ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅੱਜ ਸਵੇਰੇ ਤੜਕੇ ਤੋਂ ਹੀ ਸੰਗਤਾਂ ਨੂੰ ਠੁਰ-ਠੁਰ ਕਰਦੀਆਂ ਕੜਕਦੀਆਂ ਠੰਡੀਆਂ ਤੇਜ਼ ਹਵਾਵਾਂ ਨੂੰ ਦਰਕਿਨਾਰ ਕਰਦਿਆਂ ਗੁਰਦੁਆਰਿਆਂ ਵਿੱਚ ਆਪਣੀਆਂ ਹਾਜ਼ਰੀਆਂ ਲਗਵਾਈਆਂ। ਸ਼ਹਿਰ ਦੇ ਇਤਿਹਾਸਕ ਅਤੇ ਹੋਰ ਵੱਡੇ ਗੁਰਦੁਆਰਿਆਂ ਵਿਖੇ ਅਰੰਭ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਗੁਰਦੁਆਰਿਆਂ ਨੂੰ ਗੁਰੂ ਸਾਹਿਬ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ ਜਿੱਥੇ ਖੂਬਸੂਰਤ ਢੰਗ ਨਾਲ ਸਜਾਇਆ ਗਿਆ, ਉਥੇ ਗੁਰਦੁਆਰਿਆਂ ਨੂੰ ਜਾਣ ਵਾਲੇ ਰਸਤਿਆਂ ਨੂੰ ਸਾਫ ਕਰਕੇ ਸਜਾਇਆ ਗਿਆ। ਸ਼ਹਿਰ ਦੇ ਹਰ ਖੇਤਰ ਦੇ ਗੁਰਦੁਆਰਿਆਂ ਵਿੱਚ ਸੰਗਤਾਂ ਭਾਰੀ ਗਿਣਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਆਂ। ਗੁਰੂ ਸਾਹਿਬ ਦੇ ਗੁਰਪੁਰਬ ਨੂੰ ਸਮਰਪਿਤ ਅੱਜ ਮਹਾਂ ਨਗਰ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ, ਸ਼ਹਿਰਾਂ ਵਿਖੇ ਸ਼ਰਧਾਲੂ ਸੰਗਤਾਂ ਵੱਲੋਂ ਚਾਹ ਟੋਸਟ, ਦੁੱਧ ਟੋਸਟ, ਖੀਰ ਕੜਾਹ ਅਤੇ ਪੂਰੀ ਛੋਲਿਆਂ ਦੇ ਲੰਗਰ ਲਗਾਏ ਗਏ। ਗੁਰਪੁਰਬ ਸੰਬੰਧੀ ਦੂਰਦਰਸ਼ਨ ਜਲੰਧਰ ਤੋਂ ਸਵੇਰੇ ਪ੍ਰਸਾਰਿਤ ਪ੍ਰੋਗਰਾਮ 'ਨਾਲੇ ਗੱਲਾਂ ਨਾਲ ਗੀਤ' ਵਿੱਚ ਭਾਈ ਅਵਤਾਰ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਸਬੰਧੀ ਪਾਈ ਰੋਸ਼ਨੀ ਨੂੰ ਦਰਸ਼ਕਾਂ ਵੱਲੋਂ ਖੂਬ ਸਰਾਹਿਆ ਗਿਆ ਅਤੇ ਅਜਿਹੇ ਪ੍ਰੋਗਰਾਮਾਂ ਦੀ ਹੋਰ ਮੰਗ ਕੀਤੀ ਗਈ।

ਹੁਰਦੁਆਪਰਾ ਛੇਵੀਂ ਪਾਤਸ਼ਾਹੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ

ਸਰਹਾਲੀ ਕਲਾਂ, 5 ਜਨਵਰੀ (ਕੁਲਦੀਪ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੇ ਮੌਕੇ ਤੇ ਗੁਰਦੁਆਰਾ ਪੱਤੀ ਵੱਡਾ ਪਾਸਾ, ਛੇਵੀਂ ਪਾਤਸ਼ਾਹੀ ਸਰਹਾਲੀ ਕਲਾਂ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਅੱਜ ਭੋਗ ਪਾਏ ਗਏ ਅਤੇ ਰਾਗੀ ਜੱਥਿਆਂ ਵੱਲੋਂ ਇਲਾਹੀ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ, ਜਿਸ ਵਿੱਚ ਪੂੜੀਆਂ, ਛੋਲੇ, ਸ਼ਾਹੀ ਪਨੀਰ, ਖੀਰ, ਜਲੇਬੀਆਂ ਦੇ ਲੰਗਰ ਲਗਾਏ ਗਏ। ਇੱਥੇ ਵਰਨਣਯੋਗ ਹੈ ਕਿ ਹਰ ਸਾਲ ਪੱਤੀ ਵੱਡਾ ਪਾਸਾ ਵੱਲੋਂ ਰਲ-ਮਿਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰੀ ਭਰਦੀਆਂ ਹਨ। ਅੱਜ ਬਾਅਦ ਦੁਪਹਿਰ ਗਤਕਾ ਪਾਰਟੀਆਂ ਵੱਲੋਂ ਵੱਖ-ਵੱਖ ਕਰਤਵ ਵਿਖਾਏ ਗਏ ਅਤੇ ਰਾਤ ਨੂੰ ਆਤਿਸ਼ਬਾਜੀ ਚਲਾਉਣ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਨੀਲੋਂ, ਗੁਰਲਾਲ ਸਿੰਘਲਾਲੀ, ਬਿੱਕਰਮਜੀਤ ਸਿੰਘ, ਭੁਪਿੰਦਰ ਸਿੰਘ ਭਿੰਦ, ਨਰਿੰਦਰ ਸਿੰਘ ਹੌਲਦਾਰ, ਸਰਬਜੀਤ ਸਿੰਘ ਸਿਦਕੀ, ਗੁਰਮੀਤ ਸਿੰਘ ਪੱਤਰਕਾਰ, ਹਰਭਜਨ ਸਿੰਘ, ਹੀਰਾ ਸਿੰਘ, ਲਾਲੀ, ਜਰਮਨ, ਹਰਦੀਪ ਸਿੰਘ, ਪਿਆਰਾ ਸਿੰਘ, ਲਖਵਿੰਦਰ ਸਿੰਘ ਵਸੀਕਾ, ਰਾਜਾ, ਹੈਪੀ, ਜੱਸਾ, ਕਾਲਾ, ਸਵਰਨ ਸਿੰਘ ਤੋਂ ਇਲਾਵਾ ਬਹੁਤ ਸਾਰੇ ਸੇਵਾਦਾਰਾਂ ਸ਼ਿਰਕਤ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਵੱਖ ਵੱਖ ਪਿੰਡਾਂ ਵਿਚ ਨਗਰ ਕੀਰਤਨ ਸਜਾਏ

ਮਜੀਠਾ 5 ਜਨਵਰੀ (ਸੁਭਾਸ਼ ਮਜੀਠਾ) ਦਸਵੇਂ ਪਾਤਿਸ਼ਾਹ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜਨਮ ਦਿਹਾੜੇ ਤੇ ਅੱਜ ਜਿਥੇ ਪੂਰੇ ਦੇਸ਼ ਭਰ ਵਿਚ ਨਗਰ ਕੀਰਤਨ ਕੱਢੇ ਜਾ ਰਹਿ ਹਨ, ਉਥੇ ਅੱਜ ਇਥੋਂ ਥੋੜੀ ਪਿੰਡ ਕਲੇਰ ਮਾਂਗਟ, ਡੱਡੀਆਂ, ਮਜੀਠਾ, ਮਜਵਿੰਡ, ਕੋਟਲਾ ਤਰਖਾਨਾਂ, ਭੋਮਾਂ, ਭੰਗਾਲੀ, ਸੁਪਾਰੀਵਿੰਡ,ਵਡਾਲਾ, ਮਹੱਧੀਪੁਰਾ, ਜੋਹਲ, ਰਮਾਣਾ ਚੱਕ, ਜੇਠੂਨੰਗਲ ਅਤੇ ਪਿੰਡ ਨੰਗਲ ਪੰਨੂੰਵਾਂ ਆਦਿ ਪਿੰਡਾਂ ਵਿਖੇ ਵੱਖ ਵੱਖ ਨਗਰ ਕੀਰਤਨ ਕੱਢੇ ਗਏ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਕੱਢੇ ਗਏ। ਇਨ੍ਹਾਂ ਨਗਰ ਕੀਰਤਨਾਂ ਵਿਚ ਜਿੱਥੇ ਸੰਗਤਾਂ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ, ਉਥੇ ਅੰਮ੍ਰਿਤਧਾਰੀ ਨੌਜਵਾਨਾਂ ਵਲੋਂ ਆਪਣੀ ਸ਼ਾਸ਼ਤਰ ਵਿਦਿਆ ਦੇ ਜੌਹਰ ਵਿਖਾਕੇ ਇਨ੍ਹਾਂ ਨਗਰ ਕੀਰਤਨਾਂ ਦੀ ਸ਼ੋਭਾ ਵਧਾਈ। ਇਨ੍ਹਾਂ ਨਗਰ ਕੀਰਤਨਾਂ ਦਾ ਪਿੰਡਾਂ ਵਿਚ ਬਣੇ ਵੱਖ ਵੱਖ ਪੜਾਵਾਂ ਤੇ ਸੰਗਤਾਂ ਵਲੋਂ ਫਲ, ਲੰਗਰ, ਚਾਹ ਤੇ ਕਈ ਤਰਾਂ ਖਾਣਯੋਗ ਵਸਤੂਆਂ ਦਾ ਸੰਗਤ ਨੂੰ ਵਰਤਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਨ੍ਹਾਂ ਨਗਰ ਕੀਰਤਨਾਂ ਦੀ ਪਿੰਡਾਂ ਦੇ ਗੁਰਦੁਆਰਾ ਸਾਹਿਬਾਂ ਤੋਂ ਸ਼ੁਰੂਆਤ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦਿਆਂ ਹੋਇਆਂ ਫਿਰ ਗੁਰਦੁਆਰਾ ਸਾਹਿਬ ਵਿਖੇ ਹੀ ਸਮਾਪਤੀ ਹੋਈ।

ਦਸ਼ਮ ਪਿਤਾ ਦੇ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਸਜਾਏ

ਕੁਹਾੜਾ 5 ਜਨਵਰੀ (ਗੁਰਨਾਮ) ਨਜ਼ਦੀਕੀ ਪਿੰਡ ਗਾਹੀ ਭੈਣੀ ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਤੋ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾ;ਏ ਗਏ। ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ+ ਛਾਇਆ ਹੇਠ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋ ਕੀਤੀ ਗਈ ਅਤੇ ਫੁੱਲਾਂ ਨਾਲ ਸਜਾਈ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਸੋਭਿਤ ਸਨ। ਢਾਡੀ ਜਥੇ ਨੇ ਗੁਰੂ ਸਾਹਿਬ ਦੇ ਜੀਵਨ ਤੇ ਚਾਨਣਾਂ ਪਾਕੇ ਸ਼ੰਗਤਾਂ ਨੂੰ ਨਿਹਾਲ ਕੀਤਾ। ਏਨੇ ਖਰਾਬ ਮੌਸਮ, ਮੀਂਹ ਪੈਣ ਦੇ ਬਾਵਜੂਦ ਵੀ ਸ਼ੰਗਤਾਂ ਨੇ ਨਗਰ ਕੀਰਤਨ ਵਿੱਚ ਹੁੰਮ+ਹਮਾਂ ਕੇ ਹਾਜਰੀਆਂ ਭਰੀਆਂ, ਇਸ ਮੌਕੇ ਗੁਰਦੁਆਰਾ ਪ੍ਰਧਾਨ ਗੁਰਮੇਲ ਸਿੰਘ, ਖਜਾਨਚੀ ਅਮਰੀਕ ਸਿੰਘ, ਸਰਪੰਚ ਬਲਵਿੰਦਰ ਸਿੰਘ, ਸਾਬਕਾ ਚੇਅਰਮੈਨ ਸ: ਹਰਚਰਨ ਸਿੰਘ, ਸੁਖਵਿੰਦਰ ਸਿੰਘ, ਗੁਰਮੀਤ ਸਿੰਘ, ਸੁਖਵੀਰ ਸਿੰਘ, ਪ੍ਰਗਟ ਸਿੰਘ, ਇਕਬਾਲ ਸਿੰਘ, ਤੇ ਜੋਧ ਸਨ ਤੇ ਵੱਖ+ਵੱਖ ਪੜਾਵਾਂ ਤੇ ਲੰਗਰ ਅਤੁੱਟ ਵਰਤਿਆ।

ਵੱਖ-ਵੱਖ ਥਾਈਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਨੰਗਲ, 5 ਜਨਵਰੀ (ਗੁਰਬਿੰਦਰ ਸਿੰਘ ਜੰਡੀਰ, ਧਰਮਪਾਲ)-ਸਾਹਿਬੇ ਕਮਾਲ, ਬਾਦਸ਼ਾਹ ਦਰਵੇਸ਼ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨੰਗਲ ਸ਼ਹਿਰ ਅਤੇ ਇਲਾਕੇ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਘਾਟ ਸਾਹਿਬ, ਗੁਰਦੁਆਰਾ ਸਿੰਘ ਸਭਾ ਮੇਨ ਮਾਰਕੀਟ, ਗੁਰਦੁਆਰਾ ਸਾਹਿਬ ਪਿੰਡ ਬੀਨੇਵਾਲ, ਗੁਰਦੁਆਰਾ ਸਿੰਘ ਸਭਾ ਸਨੋਲੀ ਮਜਾਰਾ, ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਮੈਹਤਪੁਰ, ਗੁਰਦੁਆਰਾ ਸਾਹਿਬ ਦਸਮੇਸ਼ ਗੜ੍ਹ ਭਲਾਨ, ਗੁਰਦੁਆਰਾ ਸ੍ਰੀ ਵਿਭੋਰ ਸਾਹਿਬ, ਗੁਰਦੁਆਰਾ ਸ੍ਰੀ ਕੁਸ਼ਟ ਨਿਵਾਰਨ ਭਾਤਪੁਰ ਸਾਹਿਬ ਪਿੰਡ ਦੜੌਲੀ, ਗੁਰਦੁਆਰਾ ਸਾਹਿਬ ਸੈਕਟਰ ਦੋ ਨਵਾਂ ਨੰਗਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਪੰਥ ਪ੍ਰਸਿੱਧ ਰਾਗੀ ਜਥਿਆਂ ਅਤੇ ਲੋਕਲ ਰਾਗੀ ਸਿੰਘਾਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਿੰਘ ਸਭਾ ਮੇਨ ਮਾਰਕੀਟ ਵਿਖੇ ਬਾਬਾ ਭਗਵਾਨ ਸਿੰਘ ਮਦਾਨ ਵੱਲੋਂ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ੍ਰੀ ਗੁਰੂ ਨਾਨਕ ਯੋਗ ਮਿਸ਼ਨ ਦੀ ਪ੍ਰਮੁੱਖ ਬੀਬੀ ਬਲਜੀਤ ਕੌਰ ਖਾਲਸਾ ਕੈਨੇਡਾ ਵਾਲਿਆਂ ਨੇ ਗੁਰਦੁਆਰਾ ਸਿੰਘ ਸਭਾ ਸੈਕਟਰ ਦੋ ਨਵਾਂ ਨੰਗਲ ਵਿਖੇ ਗੁਰਮਤਿ ਵਿਚਾਰ ਰੱਖ ਕੇ ਅਤੇ ਨਾਮ ਸਿਮਰਨ ਕਰਵਾ ਕੇ ਸੰਗਤਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਯਤਨ ਕੀਤਾ।

ਇਸ ਸਮੇਂ ਸਮੂਹ ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਸ੍. ਸਜਿੰਦਰ ਸਿੰਘ, ਜਥੇਦਾਰ ਸ੍. ਰਣਜੀਤ ਸਿੰਘ, ਸ੍. ਸ਼ਰਨਜੀਤ ਸਿੰਘ, ਸ੍. ਅਮਰੀਕ ਸਿੰਘ, ਸ੍. ਕਰਨੈਲ ਸਿੰਘ, ਸ੍. ਜਗਮੋਹਨ ਸਿੰਘ, ਸ੍. ਤਰਲੋਚਨ ਸਿੰਘ ਰਾਗੀ, ਸ੍. ਜਸਵਿੰਦਰ ਸਿੰਘ ਬੀਨੇਵਾਲ, ਪ੍ਰੋ. ਮਹਿੰਗਾ ਰਾਮ, ਸ੍. ਅਵਤਾਰ ਸਿੰਘ, ਸ੍. ਅਮਰੀਕ ਸਿੰਘ, ਸ੍. ਉਂਕਾਰ ਸਿੰਘ, ਸ੍. ਅੰਗਰੇਜ਼ ਸਿੰਘ, ਸ੍. ਜਗਦੇਵ ਸਿੰਘ, ਸ੍. ਅਮਰੀਜਤ ਸਿੰਘ, ਸ੍. ਗੁਰਮੇਲ ਸਿੰਘ, ਸ੍. ਜਸਪਾਲ ਸਿੰਘ, ਸ੍. ਪਰਮਜੀਤ ਸਿੰਘ, ਸ੍.ਹਰਚਰਨ ਸਿੰਘ, ਸ੍. ਗੁਰਚਰਨ ਸਿੰਘ, ਸ੍. ਇੰਦਰ ਸਿੰਘ ਆਦਿ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ।

ਨੂਰਪੁਰ ਬੇਦੀ, 5 ਜਨਵਰੀ (ਬਲਵਿੰਦਰ ਰੈਂਤ)-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਪਿੰਡ ਲਾਲਪੁਰ ਤੇ ਬਾਹਮਣਮਾਜਰਾ ਦੀਆਂ ਸੰਗਤਾਂ ਵਲੋਂ ਅਲੱਗ-ਅਲੱਗ ਤੌਰ 'ਤੇ ਨਗਰ ਕੀਰਤਨ ਸਜਾਇਆ ਗਿਆ। ਸਭ ਤੋਂ ਪਹਿਲਾਂ ਪਿੰਡ ਬਾਹਮਣਮਾਜਰਾ ਵਿਖੇ ਗੁਰਦੁਆਰਾ ਗੁਰੂ ਨਾਨਕ ਦਰਬਾਰ 'ਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤ੍ਰਿਲੋਚਣ ਸਿੰਘ ਨੇ ਅਰਦਾਸ ਕੀਤੀ ਉਪਰੰਤ ਨਗਰ ਕੀਰਤਨ ਰਵਾਨਾ ਹੋਇਆ। ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਤ੍ਰਿਲੋਚਣ ਸਿੰਘ ਨੇ ਸੰਗਤਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਧਰਮ ਦੀ ਖਾਤਰ ਆਪਣਾ ਪੂਰਾ ਸਰਬੰਸ ਵਾਰ ਦਿੱਤਾ, ਜਿਸ ਕਰਕੇ ਮਹਾਂਪੁਰਸ਼ਾਂ ਦੇ ਬਲੀਦਾਨ ਤੋਂ ਪ੍ਰੇਰਣਾ ਲੈ ਕੇ ਸਾਨੂੰ ਵੀ ਨੇਕ ਰਸਤੇ 'ਤੇ ਚੱਲਣਾ ਚਾਹੀਦਾ ਹੈ। ਇਸ ਤੋਂ ਬਾਅਦ ਬੈਂਡ ਦੀਆਂ ਮਨਮੋਹਕ ਧੁੰਨਾਂ ਹੇਠ ਪੰਜ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਰਵਾਨਾ ਹੋਇਆ ਉਕਤ ਨਗਰ ਕੀਰਤਨ ਤਖ਼ਤਗੜ੍ਹ, ਬੈਂਸ, ਆਜਮਪੁਰ, ਅਸਮਾਨਪੁਰ ਤੇ ਨੂਰਪੁਰਬੇਦੀ ਆਦਿ ਦਰਜਨਾਂ ਪਿੰਡਾਂ ਤੋਂ ਹੁੰਦਾ ਹੋਇਆ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ। ਇਸੇ ਪ੍ਰਕਾਰ ਪਿੰਡ ਲਾਲਪੁਰ ਵਿਖੇ ਵਿਧਾਇਕ ਸੰਤ ਅਜੀਤ ਸਿੰਘ ਵਲੋਂ ਉਕਤ ਨਗਰ ਕੀਰਤਨ ਆਰੰਭ ਕਰਵਾਇਆ ਗਿਆ। ਉਕਤ ਨਗਰ ਕੀਰਤਨ ਬੜਵਾ, ਦਨੋਲੀ, ਸੈਣੀਮਾਜਰਾ, ਖੇੜੀ ਤੇ ਨੂਰਪੁਰਬੇਦੀ ਆਦਿ ਦਰਜ਼ਨਾਂ ਪਿੰਡਾਂ 'ਚੋਂ ਹੁੰਦਾ ਹੋਇਆ ਬਾਅਦ ਦੁਪਹਿਰ ਆਨੰਦਪੁਰ ਸਾਹਿਬ ਵਿਖੇ ਸੰਪੰਨ ਹੋਇਆ। ਨਗਰ ਕੀਰਤਨ ਦਾ ਜਿੱਥੇ ਵੱਖ-ਵੱਖ ਥਾਈਂ ਭਰਵਾਂ ਸਵਾਗਤ ਹੋਇਆ, ਉਥੇ ਸੰਗਤਾਂ ਲਈ ਚਾਹ ਪਕੌੜਿਆਂ ਤੇ ਫਲਾਂ ਦਾ ਲੰਗਰ ਵੀ ਵਰਤਾਇਆ ਗਿਆ। ਗੱਤਕਾਂ ਪਾਰਟੀਆਂ ਵਲੋਂ ਨਗਰ ਕੀਰਤਨ ਦੌਰਾਨ ਆਪਣੇ ਜੌਹਰ ਦਿਖਾਏ ਗਏ। ਇਸ ਨਗਰ ਕੀਰਤਨ 'ਚ ਸਰਪੰਚ ਕੁਲਜਿੰਦਰ ਸਿੰਘ, ਅਜੇਵੀਰ ਸਿੰਘ, ਜਥੇਦਾਰ ਮੋਹਣ ਸਿੰਘ ਡੂਮੇਵਾਲ, ਤਰਸੇਮ ਲਾਲ, ਜਰਨੈਲ ਸਿੰਘ, ਪੰਚ ਲਾਲ ਸਿੰਘ, ਡਾ. ਕਰਨੈਲ ਸਿੰਘ, ਰਘੁਵੀਰ ਸਿੰਘ, ਕ੍ਰਿਸ਼ਨ ਸਿੰਘ, ਜਸਵੀਰ ਸਿੰਘ, ਓਮ

ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਪ੍ਰਕਾਸ਼ ਪੁਰਬ

ਚੰਡੀਗੜ੍ਹ, 5 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਸਰਬੰਸਦਾਨੀ, ਅੰਮ੍ਰਿਤ ਦੇ ਦਾਤੇ, ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਅੱਜ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਗੁਰਦੁਆਰਿਆਂ ਵਿਚ ਸੰਗਤਾਂ ਦੀ ਭਾਰੀ ਭੀੜ ਰਹੀ। ਗੁਰਦੁਆਰਿਆਂ ਵਿਚ ਧਾਰਮਿਕ ਦੀਵਾਨ ਸਜਾਏ ਗਏ। ਗੁਰਦੁਆਰਿਆਂ ਵਿਚ ਸ੍ਰੀ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਰਾਗੀ ਜਥਿਆਂ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ, ਜਿਸ ਦਾ ਸ਼ਰਧਾਲੂਆਂ ਨੇ ਖੂਬ ਅਨੰਦ ਮਾਣਿਆ। ਗੁਰਦੁਆਰਿਆਂ ਅਤੇ ਹੋਰਨਾਂ ਥਾਵਾਂ 'ਤੇ ਗੁਰੂ ਕਾ ਲੰਗਰ ਵਰਤਾਇਆ ਗਿਆ।

ਵੈਟਲੈਂਡ ਉਤੇ ਪ੍ਰਵਾਸੀ ਪੰਛੀਆਂ ਦੀ ਆਮਦ ਘਟੀ

ਚੰਡੀਗੜ੍ਹ, 5 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਭੋਜਨ ਅਤੇ ਹੋਰ ਸਾਧਨਾਂ ਦੀ ਘਾਟ ਕਾਰਨ ਇੰਟਰਨੈਸ਼ਨਲ ਵੈਟਲੈਂਡ ਰੋਪੜ ਉਪਰ ਪ੍ਰਵਾਸੀ ਪੰਛੀਆਂ ਦੀ ਆਮਦ ਲਗਾਤਾਰ ਹਰ ਸਾਲ ਘੱਟਦੀ ਜਾ ਰਹੀ ਹੈ। ਇਸ ਦੀ ਮੁੱਖ ਵਜ੍ਹਾ ਮਨਾਹੀ ਦੇ ਬਾਵਜੂਦ ਮੱਛੀਆਂ ਦਾ ਪਕੜਨਾ ਸਰੇਆਮ ਜਾਰੀ ਹੈ। ਪ੍ਰਸ਼ਾਸਨ ਦੀ ਇਸ ਲਾਪ੍ਰਵਾਹੀ ਕਾਰਨ ਵਾਤਾਵਰਣ ਪ੍ਰੇਮੀ ਕਾਫੀ ਖਫਾ ਹਨ। ਇੰਟਰਨੈਸ਼ਨਲ ਵੈਟਲੈਂਡ ਉਪਰ ਸਾਇਬੇਰੀਆ, ਰੂਸ, ਚੀਨ ਅਤੇ ਹੋਰਨਾਂ ਬਰਫੀਲੇ ਇਲਾਕਿਆਂ ਤੋਂ ਹਜ਼ਾਰਾਂ ਮੀਲ ਲੰਬਾ ਸਫਰ ਤਹਿ ਕਰਕੇ ਆਉਂਦੇ ਹਨ। ਇੱਥੇ ਕੁਝ ਦਿਨ ਰੁਕਣ ਤੋਂ ਬਾਅਦ ਉਹ ਅਗਲੀ ਮੰਜ਼ਿਲ ਲਈ ਉਡਾਣ ਲੈਂਦੇ ਹਨ। ਇੰਟਰਨੈਸ਼ਨਲ ਵੈਟਲੈਂਡ ਹੋਣ ਦੇ ਕਾਰਨ ਪੰਛੀਆਂ ਨੂੰ ਇਸ ਰੈਣ ਬਸੇਰੇ ਤੋਂ ਲੋੜੀਂਦਾ ਭੋਜਨ ਵੀ ਮਿਲ ਜਾਂਦਾ ਹੈ। ਬੇਸ਼ੱਕ ਮੱਛੀ ਪਾਲਣ ਵਿਭਾਗ ਵੱਲੋਂ ਸਤਲੁਜ ਦਰਿਆ ਵਿੱਚੋਂ ਮੱਛੀਆਂ ਪਕੜਣ ਦਾ ਹਰ ਸਾਲ ਠੇਕਾ ਦਿੱਤਾ ਜਾਂਦਾ ਹੈ। ਸੂਤਰਾਂ ਮੁਤਾਬਿਕ ਠੇਕੇ ਦੀ ਆੜ ਵਿੱਚ ਕੁਝ ਲੋਕ ਵਰਜਿਤ ਥਾਵਾਂ ਤੇ ਵੀ ਮੱਛੀਆਂ ਪਕੜਦੇ ਰਹਿੰਦੇ ਹਨ। ਇਸ ਦਾ ਕਾਰਨ ਪ੍ਰਵਾਸੀ ਪੰਛੀਆਂ ਦੀ ਆਮਦ ਵਿੱਚ ਭਾਰੀ ਕਮੀ ਹੋ ਰਹੀ ਹੈ। ਦੱਸਿਆ ਜਾਂਦਾ ਹੈ ਕਿ ਪਹਿਲਾਂ-ਪਹਿਲ ਕਈ-ਕਈ ਮਹੀਨੇ ਤੱਕ ਪੰਛੀ ਸਤਲੁਜ ਦਰਿਆ ਵਿੱਚ ਡੁਬਕੀਆਂ ਲਗਾ ਕੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਸੀ, ਸਰਦੀਆਂ ਵਿੱਚ ਦੂਰ ਦਰਾਜ ਤੋਂ ਲੋਕ ਸਤਲੁਜ ਦਰਿਆ ਵਿੱਚ ਪਿਕਨਿਕ ਮਨਾਉਣ ਆਉਂਦੇ ਸਨ। ਮੱਛੀਆਂ ਦਾ ਸ਼ਿਕਾਰ ਹੋਣ ਅਤੇ ਦਰਿਆ ਦੇ ਪਾਣੀ ਵਿੱਚ ਫੈਕਟਰੀਆਂ ਦਾ ਦੂਸ਼ਿਤ ਪਾਣੀ ਮਿਲਣ ਦੇ ਕਾਰਨ ਉਕਤ ਪੰਛੀਆਂ ਦੀ ਆਦਮ ਪ੍ਰਭਾਵਿਤ ਹੋਈ ਹੈ।

ਉਧਰ ਪੰਛੀ ਪ੍ਰੇਮੀਆਂ ਦਾ ਕਹਿਣਾ ਹੈ ਕਿ ਲਗਾਤਾਰ ਮੱਛੀਆਂ ਪਕੜਨ ਨਾਲ ਪੰਛੀਆਂ ਨੂੰ ਪੂਰੀ ਮਾਤਰਾ ਵਿੱਚ ਭੋਜਨ ਨਹੀਂ ਮਿਲਦਾ। ਲੋਕ ਰਾਤ ਨੂੰ ਦੁਰਲੱਭ ਮੱਛੀਆਂ ਦਾ ਸ਼ਿਕਾਰ ਵੀ ਕਰਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਵੈਟਲੈਂਡ ਖੇਤਰ ਦੀ ਸੰਭਾਲ ਨਹੀਂ ਕਰ ਰਿਹਾ। ਇੱਕ ਦਿਨ ਉਕਤ ਵੈਟਲੈਂਡ ਦੀ ਹੋਂਦ ਖਤਰੇ ਵਿੱਚ ਪੈ ਜਾਵੇਗਾ। ਉਪਰ ਪੰਜਾਬ ਮਛਲੀ ਵਿਭਾਗ ਦੇ ਡਾਇਰੈਕਟਰ ਸੁਖਵਿੰਦਰ ਸਿੰਘ ਦਾ ਕਹਿਣਾ ਹੈ ਕਿ ਠੇਕੇਦਾਰ ਨੂੰ ਪਿੰਡ ਕੋਟਲੀ ਥੋਪਰ ਤੇ ਹੈੱਡਵਰਕਸ ਰੋਪੜ ਤੱਕ ਮੱਛੀਆਂ ਪਕੜਨ ਦੇ ਲਈ ਮਨਾਹੀ ਕੀਤੀ ਗਈ ਹੈ। ਇਸ ਤੋਂ ਇਲਾਵਾ ਅਗਰ ਠੇਕੇਦਾਰ ਦੇ ਨੌਕਰ ਮੱਛੀਆਂ ਪਕੜਦੇ ਫੜੇ ਜਾਂਦੇ ਹਨ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

ਜਿਸ ਨੂੰ ਘਰ ਪੁੱਤ ਬਣਾ ਕੇ ਰੱਖਿਆ, ਉਸ ਨੇ ਹੀ ਸਭ ਕੁਝ ਲੁੱਟਿਆ

ਲੁਧਿਆਣਾ, 5 ਜਨਵਰੀ (ਰਾਜ ਜੋਸ਼ੀ)-ਰੁਪਏ ਪੈਸੇ, ਜ਼ਮੀਨ, ਜਾਇਦਾਦ ਦੇ ਲਾਲਚ ਵਿੱਚ ਅੰਨਾ ਹੋ ਕੇ ਕੋਈ ਵਿਅਕਤੀ ਇੱਥੋਂ ਤੱਕ ਗਿਰ ਸਕਦਾ ਹੈ ਕਿ ਉਹ ਆਪਣੇ ਪਾਲਣਹਾਰਾ ਨਾਲ ਧੋਖਾ ਕਰਕੇ ਉਨ੍ਹਾਂ ਦਾ ਸਭ ਕੁਝ ਹੜੱਪ ਕਰ ਜਾਵੇ। ਅਜਿਹਾ ਹੀ ਇੱਕ ਮਮਲਾ ਇੱਥੇ ਸਾਹਮਣੇ ਆਇਆ ਹੈ। ਜਿਸ ਵਿੱਚ ਹੌਜਰੀ ਦਾ ਕਾਰੋਬਾਰ ਕਰਦੇ ਸਵਰਗੀ ਕੇਵਲ ਕ੍ਰਿਸ਼ਨ ਗੁਲਾਟੀ ਅਤੇ ਉਸ ਦੀ ਘਰ ਵਾਲੀ ਰਮੇਸ਼ ਰਾਣੀ ਗੁਲਾਟੀ ਵੱਲੋਂ ਛੋਟੀ ਉਮਰ ਤੋਂ ਹੀ ਲੈ ਕੇ ਪਾਲੇ ਪਲੋਸੇ ਨਰਿੰਦਰ ਕੁਮਾਰ ਗੁਲਾਟੀ ਪੁੱਤਰ ਖਰੇਤੀ ਲਾਲ ਗੁਲਾਟੀ (ਕੇਵਲ ਕ੍ਰਿਸਨ ਗੁਲਾਟੀ ਦਾ ਵੱਡਾ ਭਰਾ) ਨੇ ਅਤੇ ਉਸ ਦੀ ਪਤਨੀ ਪੂਨਮ ਗੁਲਾਟੀ ਤੇ ਭਰਾ ਵਿਨੋਦ ਕੁਮਾਰ ਨੇ ਰਲ ਮਿਲ ਕੇ ਕੇਵਲ ਕ੍ਰਿਸ਼ਨ ਗੁਲਾਟੀ ਦੇ ਕਾਰੋਬਾਰ ਅਤੇ ਜਾਇਦਾਦ ਨੂੰ ਆਪਣੇ ਹੱਥਾਂ ਵਿੱਚ ਕੀਤਾ ਹੈ ਜਿਸ ਕਾਰਨ ਉਨ੍ਹਾਂ ਖਿਲਾਫ ਸ੍ਰੀਮਤੀ ਰਮੇਸ਼ ਰਾਣੀ ਗੁਲਾਟੀ ਵੱਲੋਂ ਸ਼ਿਕਾਇਤ ਕਰਨ 'ਤੇ ਸਥਾਨਿਕ ਡਵੀਜ਼ਨ ਨੰ. 5 ਵਿਖੇ ਮੁਕੱਦਮਾ ਨੰਬਰ 329 ਮਿਤੀ 29-12-09 ਨੂੰ ਆਈ.ਪੀ.ਸੀ. ਦੀ ਧਾਰਾ 420 ਅਤੇ 120 ਬੀ ਤਹਿਤ ਦਰਜ ਹੋਇਆ ਹੈ। ਅੱਜ ਇੱਥੇ ਇੱਕ ਪ੍ਰੈੱਸ ਮਿਲਣੀ ਵਿੱਚ ਸ੍ਰੀਮਤੀ ਰਮੇਸ਼ ਰਾਣੀ ਗੁਲਾਟੀ ਅਤੇ ਉਨ੍ਹਾਂ ਦੀ ਇਕਲੌਤੀ ਸੰਤਾਨ ਸਾਨੀਆ ਵਾਤਸਾ ਨੇ ਆਪਣੇ ਦੁੱਖੜੇ ਸੁਣਾਉਂਦਿਆਂ ਪੱਤਰਕਾਰ ਨੂੰ ਦੱਸਿਆ ਕਿ ਨਰਿੰਦਰ ਗੁਲਾਟੀ ਨੂੰ ਉਸ ਦੇ ਬਾਪ ਨੇ ਆਪਣੇ ਘਰ ਦੀ ਖਸਤਾ ਹਾਲਤ ਕਾਰਨ ਕੇਵਲ ਕ੍ਰਿਸ਼ਨ ਗੁਲਾਟੀ ਨੂੰ ਬੇਨਤੀ ਕਰਕੇ ਘਰ ਵਿੱਚ ਰਖਵਾਇਆ ਸੀ ਕਿ ਉਸ ਦੀ ਪ੍ਰਵਰਸ਼ ਚੰਗੀ ਹੋ ਜਾਵੇਂਗੀ, ਪਰ ਵੱਡਾ ਹੋ ਕੇ ਉਹੀ ਆਪਣੇ ਪਾਲਣਹਾਰ ਦੀ ਜਾਇਦਾਦ ਨੂੰ ਧੋਖੇ ਨਾਲ ਹੜੱਪੇਗਾ ਇਹ ਉਮੀਦ ਨਹੀਂ ਸੀ। ਸਾਨੀਆ ਵਾਤਸਾ ਨੇ ਕਿਹਾ ਕਿ ਅਸੀਂ ਘਰ ਦੀ ਬੇਇੱਜ਼ਤੀ ਤੋਂ ਡਰਦੇ ਬਾਹਰ ਗੱਲ ਨਹੀਂ ਸੀ ਕਰਦੇ, ਪਰ ਗੁਲਾਟੀ ਨੇ ਮੇਰੇ ਬਾਪ ਨੂੰ ਤੰਗ-ਪ੍ਰੇਸ਼ਾਨ ਕਰਕੇ ਮਾਰਿਆ ਫਿਰ ਮੇਰੀ ਮਾਤਾ ਨੂੰ ਕੁੱਟ ਮਾਰ ਕਰਕੇ ਸਭ ਗਹਿਣੇ ਗੱਟੇ ਤੇ ਨਗਦੀ ਹੜੱਪ ਕਰਕੇ ਘਰੋਂ ਕੱਢ ਦਿੱਤਾ, ਜਦਕਿ ਉਹ ਮੇਰੇ ਬਾਪ ਉਪਰੰਤ ਘਰਦੀ ਮਾਲਕਣ ਹੈ। ਉਨ੍ਹਾਂ ਕਿਹਾ ਕਿ ਪਰਚਾ ਦਰਜ ਹੋਣ ਉਪਰੰਤ ਦੋਸ਼ੀ ਖੁੱਲ੍ਹੇ ਫਿਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਉਹ ਪੁਲਿਸ ਅਫਸਰਾਂ ਪਾਸ ਪਹੁੰਚ ਕਰਨਗੇ।

ਮੰਤਰੀਆਂ ਦਾ ਘਿਰਾਓ 9 ਜਨਵਰੀ ਤੋਂ ਬਾਅਦ -ਬੀ. ਐੱਡ ਅਧਿਆਪਕ

ਜਲੰਧਰ, 5 ਜਨਵਰੀ (ਅਵਾਜ਼ ਬਿਊਰੋ)-ਅੱਜ ਬੀ.ਐੱਡ ਅਧਿਆਪਕ ਫਰੰਟ ਪੰਜਾਬ, ਇਕਾਈ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਅਤੇ ਸੂਬਾ ਪ੍ਰੈੱਸ ਸਕੱਤਰ ਸੁਖਜਿੰਦਰ ਸਿੰਘ ਸਠਿਆਲਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਈ, ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੁਖਜਿੰਦਰ ਸਠਿਆਲਾ ਜੀ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ 28 ਦਸੰਬਰ ਨੂੰ ਟੀਚਿੰਗ ਫੈਲੋਜ ਅਤੇ ਸਰਵਿਸ ਪ੍ਰੋਵਾਈਡਰਜ਼ ਦੀਆਂ ਤਨਖਾਹਾਂ ਵਿੱਚ 50 ਫੀਸਦੀ ਵਾਧਾ ਲਾਗੂ ਕਰਵਾਉਣ ਲਈ ਮੀਟਿੰਗ ਬੇਨਤੀਜਾ ਰਹੀ ਸੀ ਅਤੇ ਸਰਕਾਰ ਨੇ 6 ਜਨਵਰੀ ਦੁਬਾਰਾ ਫਰੰਟ ਦੇ ਆਗੂਆਂ ਨਾਲ ਗੱਲਬਾਤ ਕਰਨ ਅਤੇ ਹਰ ਹਾਲਤ ਵਿੱਚ 6 ਜਨਵਰੀ ਨੂੰ ਇਸ ਵਾਧੇ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦਾ ਪੂਰਾ ਭਰੋਸਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਇਸ ਮੀਟਿੰਗ ਵਿੱਚ ਵੀ ਸਰਕਾਰ ਨੇ ਕੋਈ ਫੈਸਲਾ ਨਾ ਲਿਆ ਤਾਂ ਫਰੰਟ ਵੱਲੋਂ ਸਰਕਾਰ ਨਾਲ ਕੀਤਾ ਸਮਝੌਤਾ ਰੱਦ ਕਰਕੇ ਪੂਰੀ ਬੇਸਿਕ ਤਨਖਾਹ ਅਤੇ ਰੈਗੂਲਰ ਹੋਣ ਲਈ ਤਿੱਖਾਂ ਸੰਘਰਸ਼ ਸ਼ੁਰੂ ਕਰਦਿਆਂ 9 ਜਨਵਰੀ ਤੋਂ ਪੰਜਾਬ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਰੈਲੀਆਂ ਵਿੱਚ ਹਾਜ਼ਰੀ ਲਵਾ ਕੇ ਸਰਕਾਰ ਦੀਆਂ ਗਲਤ ਨੀਤੀਆਂ ਦੀ ਪੋਲ ਖੋਲ੍ਹੀ ਜਾਵੇਗੀ। ਜ਼ਿਲ੍ਹਾ ਸਕੱਤਰ ਕਮਲਜੀਤ ਸਿੰਘ ਨੇ ਕਿਹਾ ਕਿ ਸਰਕਾਰ ਨਾਲ ਹੁਣ ਤੱਕ ਹੋਈਆਂ ਮੀਟਿੰਗਾਂ ਵਿੱਚ ਸਰਕਾਰ ਵੱਲੋਂ ਕੋਈ ਠੋਸ ਫੈਸਲਾ ਨਹੀਂ ਲਿਆ ਗਿਆ, ਜਿਸ ਕਾਰਨ ਸਮੁੱਚੇ ਬੀ. ਐੱਡ ਫਰੰਟ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਹੁਣ ਫਰੰਟ ਹੋਰ ਜ਼ਿਆਦਾ ਇੰਤਜ਼ਾਰ ਨਹੀਂ ਕਰੇਗਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੁਲਾਜ਼ਮ ਏਕਤਾ ਮੋਚ ਦੇ ਜਨਰਲ ਸਕੱਤਰ ਦੇ ਜਰਮਨਜੀਤ ਸਿੰਘ ਨੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਸਿੱਖਿਆ ਸੰਬੰਧੀ ਗਲਤ ਨੀਤੀਆਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਬੀ. ਐੱਡ ਅਧਿਆਪਕ ਫਰੰਟ ਦੇ ਹਰੇਕ ਪ੍ਰੋਗਰਾਮ ਦਾ ਸਮੱਰਥਨ ਕਰਨਗੇ।

ਅਧਿਕਾਰੀ ਹੀ ਪੰਜਾਬ ਸਰਕਾਰ...

ਸਫਾ 1 ਦੀ ਬਾਕੀ

ਪਟਿਆਲਾ ਵਿਖੇ ਐੱਸ.ਐੱਮ.ਓ. ਦੀ ਪਦ-ਉੱਨਤੀ ਲਈ ਵਿਭਾਗੀ ਪਦ-ਉੱਨਤੀ ਦੀ ਕਮੇਟੀ ਦੀ ਬੈਠਕ ਬੁਲਾਈ ਗਈ ਸੀ, ਪਰ ਉੱਥੇ ਵੀ ਪ੍ਰਸੋਨਲ ਵਿਭਾਗ ਦੇ ਪ੍ਰਤੀਨਿਧੀ ਦੇ ਨਾ ਜਾਣ ਕਾਰਨ ਉਹ ਮੁਲਤਵੀ ਕਰਨੀ ਪਈ, ਜਿਸ ਤੋਂ ਸਪੱਸ਼ਟ ਹੈ ਕਿ ਅਧਿਕਾਰੀ ਹੀ ਪੰਜਾਬ ਸਰਕਾਰ ਦਾ ਕਰਮਚਾਰੀਆਂ ਵਿੱਚ ਅਕਸ ਵਿਗਾੜਨ ਲੱਗੇ ਹੋਏ ਹਨ।

ਉਤਰ ਰੇਲਵੇ ਵੱਲੋਂ ਚਾਰ...

ਸਫਾ 1 ਦੀ ਬਾਕੀ

ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਉਤਰ ਰੇਲਵੇ ਸੂਤਰਾਂ ਨੇ 'ਵਿਸ਼ਵ ਵਾਰਤਾ' ਨੂੰ ਦਿੱਤੀ। ਇਹ ਗੱਡੀਆਂ ਰੱਦ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ। ਇਹ ਗੱਡੀਆਂ ਆਉਣ ਵਾਲੀ 16 ਜਨਵਰੀ ਤੱਕ ਰੱਦ ਕੀਤੀਆਂ ਗਈਆਂ ਹਨ। ਇਸ ਦੌਰਾਨ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਗੱਡੀਆਂ ਦੇ ਰੱਦ ਹੋਣ ਨਾਲ ਆਮ ਮੁਸਾਫਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਤੋਂ ਗੁਜਰਨਾ ਪੈ ਰਿਹਾ ਹੈ।

ਤੇਲੰਗਾਨਾ ਮੁੱਦੇ 'ਤੇ ਬੈਠਕ...

ਸਫਾ 1 ਦੀ ਬਾਕੀ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਸਰਕਾਰ ਦੇ ਉਚ ਨੇਤਾਵਾਂ ਨਾਲ ਮੁਲਾਕਾਤ ਕਰਕੇ ਸੂਬੇ ਦੇ ਤਾਜ਼ਾ ਹਾਲਾਤਾਂ ਬਾਰੇ ਜਾਣਕਾਰੀ ਦਿੱਤੀ। ਉਹ ਇਸ ਬੈਠਕ ਵਿਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਵੀ ਮਿਲੇ। ਇਸ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਦੇ ਨੇਤਾਵਾਂ ਦੇ ਖੇਤਰੀ ਆਧਾਰ 'ਤੇ ਵੰਡ ਹੋਣ ਦੇ ਚਲਦਿਆਂ ਇਸ ਬੈਠਕ ਦੇ ਹੰਗਾਮੇ ਭਰਪੂਰ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਵੱਖਰਾ ਤੇਲੰਗਾਨਾ ਸੂਬਾ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਤੋਂ ਹੀ ਆਂਧਰਾ ਪ੍ਰਦੇਸ਼ ਵਿਚ ਵਿਰੋਧ ਪ੍ਰਦਰਸ਼ਨ ਜਾਰੀ ਹੈ। ਰਾਜ ਦੇ ਦੋ ਖੇਤਰਾਂ ਆਂਧਰਾ ਅਤੇ ਰਾਇਲਸੀਮਾ ਦੇ ਨੇਤਾ ਤੇਲੰਗਾਨਾ ਰਾਜ ਦੇ ਗਠਨ ਦਾ ਵਿਰੋਧ ਕਰ ਰਹੇ ਹਨ, ਉਥੇ ਤੇਲੰਗਾਨਾ ਦੇ ਨੇਤਾ ਰਾਜਧਾਨੀ ਹੈਦਰਾਬਾਦ ਸਮੇਤ 10 ਜ਼ਿਲ੍ਹਿਆਂ ਨੂੰ ਮਿਲਾ ਕੇ ਵੱਖਰਾ ਸੂਬਾ

ਪੰਜਾਬ 'ਚ 17 ਰੇਲਵੇ ਪੁਲ, 2010...

ਸਫਾ 1 ਦੀ ਬਾਕੀ

ਰੇਲਵੇ ਪੁਲ ਮੁਕੰਮਲ ਕਰਨ ਦੀ ਚਿੰਤਾ ਨੂੰ ਪ੍ਰਵਾਨਦੇ ਹੋਏ ਰੇਲਵੇ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਸਾਇਦ ਇਕੋ ਇਕ ਰਾਜ ਹੈ ਜੋ ਇਨ੍ਹਾਂ ਪ੍ਰੋਜੈਕਟਾਂ ਨੂੰ ਜਲਦੀ ਨਾਲ ਮੁਕੰਮਲ ਕਰਨ ਲਈ ਰੇਲਵੇ ਅਥਾਰਟੀ ਨਾਲ ਪੂਰੀ ਤਰਾਂ ਤਾਲਮੇਲ ਕਰਕੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਇਸ ਕਰਕੇ ਹੈ ਕਿਉਂਕਿ ਰਾਜ ਸਰਕਾਰ ਨੇ ਅਗਾਉ ਭੁਗਤਾਨ ਕੀਤਾ ਹੋਇਆ ਹੈ ਅਤੇ ਰਾਜ ਸਰਕਾਰ ਵਲੋਂ ਵੱਖ-ਵੱਖ ਰੁਕਾਵਟਾਂ ਨੂੰ ਦੂਰ ਕਰਨ ਲਈ ਸਿੰਗਲ ਵਿੰਡੋ ਕਲੀਰੈਂਸ ਨੂੰ ਅਪਨਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ 31 ਮਾਰਚ, 2010 ਤੱਕ ਪੰਜਾਬ ਵਿੱਚ 17 ਆਰ. ਓ.ਬੀ ਮੁਕੰਮਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਉਤਰੀ ਰੇਲਵੇ ਵੱਲੋਂ ਮੁਕੰਮਲ ਕੀਤੇ ਜਾਣ ਵਾਲੇ 44 ਆਰ. ਓ.ਬੀ ਵਿੱਚੋਂ ਇਕਲੇ ਪੰਜਾਬ ਵਿੱਚ 17 ਪੁਲ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਤੱਕ 4 ਪ੍ਰੋਜੈਕਟ ਮੁਕੰਮਲ ਹੋ ਗਏ ਹਨ ਅਤੇ 17 ਹੋਰ ਆਰ. ਓ.ਬੀ ਇਸ ਸਾਲ 31 ਮਾਰਚ ਤੱਕ ਮੁਕੰਮਲ ਹੋ ਜਾਣਗੇ ਜਦਕਿ ਬਾਕੀ 15 ਆਰ. ਓ.ਬੀ ਦਾ ਕੰਮ ਮਾਰਚ 2011 ਤੱਕ ਮੁਕੰਮਲ ਹੋਵੇਗਾ। ਸ. ਸੁਖਬੀਰ ਸਿੰਘ ਬਾਦਲ ਨੇ ਬਠਿੰਡਾ ਤੋਂ ਦਿੱਲੀ ਵਾਇਆ ਜਾਖਲ ਸੁਪਰ ਫਾਸਟ ਸ਼ਤਾਬਦੀ ਰੇਲ ਚਲਾਉਣ ਦੀ ਮੰਗ ਕੀਤੀ ਤਾਂ ਜੋ ਮਾਲਵਾ ਖੇਤਰ ਦੀ ਵਧ ਰਹੀ ਆਰਥਿਕਤਾ ਨੂੰ ਮਦਦ ਮਿਲ ਸਕੇ। ਉਨ੍ਹਾਂ ਕਿਹਾ ਕਿ ਤਿਆਰ ਹੋ ਰਹੇ ਬਠਿੰਡਾ ਤੇਲ ਸ਼ੋਧਕ ਕਾਰਖਾਨੇ ਅਤੇ ਤਲਵੰਡੀ ਸਾਬੋ ਥਰਮਲ ਪਲਾਂਟ ਕਾਰਨ ਇਸ ਖਿੱਤੇ ਨੂੰ ਵਧੀਆ ਰੇਲ ਸੰਪਰਕ ਦੀ ਜਰੂਰਤ ਹੈ। ਚੇਅਰਮੈਨ ਨੇ ਉੱਪ-ਮੁੱਖ ਮੰਤਰੀ ਨੂੰ ਭਰੋਸਾ ਦਿਲਾਇਆ ਕਿ ਰੇਲਵੇ ਦਾ ਆਉਂਦੇ ਬਜਟ ਦੌਰਾਨ ਸ਼੍ਰੀ ਗੰਗਾ ਨਗਰ-ਬਠਿੰਡਾ-ਜਾਖਲ-ਦਿੱਲੀ ਸ਼ਤਾਬਦੀ ਸ਼ੁਰੂ ਕਰਨ ਦਾ ਪ੍ਰਸਤਾਵ ਹੈ। ਮੀਟਿੰਗ ਦੌਰਾਨ ਹਾਜ਼ਰ ਹੋਰਨਾ ਮੁੱਖ ਸ਼ਖਸ਼ੀਅਤਾਂ ਵਿੱਚ ਸੈਰ ਸਪਾਟਾ ਮੰਤਰੀ ਸ ਹੀਰਾ ਸਿੰਘ ਗਾਬੜੀਆ, ਪ੍ਰਿੰਸੀਪਲ ਸਕੱਤਰ ਸੈਰ ਸਪਾਟਾ ਗੀਤਕਾ ਕੱਲ੍ਹਾ, ਵਿੱਤ ਕਮਿਸ਼ਨਰ ਸੋਮਯਾ ਰਾਘਵਨ, ਸ਼੍ਰੀ ਵਿਵੇਕ ਸਹਾਇ, ਮੈਂਬਰ ਟ੍ਰੈਫਿਕ, ਸ਼੍ਰੀ ਐਸ.ਕੇ.ਮਲਿਕ ਐਡੀਸ਼ਨਲ ਮੈਂਬਰ ਸਿਵਲ ਇੰਜੀਨੀਰਿੰਗ, ਸ਼੍ਰੀ ਧਰਮ ਸਿੰਘ ਸੀ.ਏ.ਓ/ ਐਮ.ਆਰ, ਸ਼੍ਰੀ ਏ.ਕੇ ਗੁਪਤਾ ਪੀ.ਸੀ.ਈ/ਐਮ.ਆਰ, ਸ਼੍ਰੀ ਸੁਨੀਲ ਮਲਹੋਤਰਾ ਈ.ਡੀ/ ਟੀ ਅਤੇ ਆਰ ਅਤੇ ਸ਼੍ਰੀ ਨਰੇਸ਼ ਸਲੀਚਾ ਈ.ਡੀ/ਐਫ.ਸੀ ਸ਼ਾਮਲ ਸਨ।

ਸਾਨੀਆ ਨੇ ਜਿੱਤ ਨਾਲ ਕੀਤੀ ਨਵੇਂ ਸਾਲ ਦੀ ਸ਼ੁਰੂਆਤ

ਆਕਲੈਂਡ, 5 ਜਨਵਰੀ (ਵਿਸ਼ਵ ਵਾਰਤਾ)-ਸਾਨੀਆ ਮਿਰਜ਼ਾ ਨੇ ਨਵੇਂ ਸਾਲ ਦੀ ਸ਼ੁਰੂਆਤ ਜਿੱਤ ਦੇ ਨਾਲ ਕਰਦਿਆਂ ਅੱਜ ਦੋ ਲੱਖ 20 ਹਜ਼ਾਰ ਡਾਲਰ ਦੇ ਏ.ਐਸ.ਬੀ. ਕਲਾਸਿਕ ਡਬਲਿਊ.ਟੀ.ਏ. ਟੂਰਨਾਮੈਂਟ ਦੇ ਪਹਿਲੇ ਦੌਰ ਵਿਚ ਸਵਿਟਜ਼ਰਲੈਂਡ ਦੀ ਸਟੇਫਾਨੀ ਵੋਏਜੇਲ ਨੂੰ ਚੁਣੌਤੀ ਭਰੇ ਮੁਕਾਬਲੇ ਵਿਚ ਹਰਾਇਆ। ਦੁਨੀਆਂ ਦੀ 57ਵੇਂ ਨੰਬਰ ਦੀ ਖਿਡਾਰਣ ਸਾਨੀਆ ਨੇ ਪਿਛੜਣ ਤੋਂ ਸ਼ਾਨਦਾਰ ਵਾਪਸੀ ਕਰਦਿਆਂ 39ਵੀਂ ਦਰਜਾ ਪ੍ਰਾਪਤ ਸਟੀਫਾਨੀ ਨੂੰ ਹਾਰਡ ਕੋਰਟ ਦੇ ਇਸ ਮੁਕਾਬਲੇ ਵਿਚ 5-7, 6-1, 7-5 ਨਾਲ ਹਰਾਇਆ। ਹੁਣ ਸਾਨੀਆ ਦਾ ਪ੍ਰੀ ਕੁਆਟਰ ਫਾਈਨਲ ਮੁਕਾਬਲਾ ਵੀ ਕਾਫੀ ਮੁਸ਼ਕਿਲ ਰਹਿਣ ਦੀ ਸੰਭਾਵਨਾ ਹੈ, ਜਿਥੇ ਉਸ ਦੀ ਚੌਥਾ ਦਰਜਾ ਅਤੇ ਵਿਸ਼ਵ ਵਿਚ 17ਵੀਂ ਨੰਬਰ ਦੀ ਇਟਲੀ ਦੀ ਫ੍ਰਾਂਸਿਕਾ ਸਕੀਯਾਵੋਨ ਨਾਲ ਟੱਕਰ ਹੋਵੇਗੀ।

ਸੈਨਾ ਦੀ ਭਰਤੀ ਲਈ ਪ੍ਰੀ ਟਰੇਨਿੰਗ ਕੋਚਿੰਗ ਭਲਕ ਤੋਂ

ਜਲੰਧਰ, 5 ਜਨਵਰੀ (ਅ.ਬ.)-ਕਪੂਰਥਲਾ ਵਿੱਚ ਸੈਨਾ ਦੀ ਭਰਤੀ 13 ਜਨਵਰੀ, ਪਟਿਆਲਾ ਵਿੱਚ 10 ਫਰਵਰੀ ਅਤੇ ਤਿਬੜੀ ਕੈਂਟ ਗੁਰਦਾਸਪੁਰ ਵਿੱਚ ਫੌਜ ਦੀ ਭਰਤੀ 17 ਫਰਵਰੀ ਨੂੰ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਕਰਨਲ ਮਨਮੋਹਨ ਸਿੰਘ ਜ਼ਿਲ੍ਹਾ ਸੈਨਿਕ ਭਲਾਈ ਅਫਸਰ ਜਲੰਧਰ ਨੇ ਦੱਸਿਆ ਕਿ ਪੰਜਾਬ ਵਿੱਚੋਂ ਵੱਡੀ ਪੱਧਰ 'ਤੇ ਸੈਨਾ ਦੀ ਭਰਤੀ ਕੀਤੀ ਜਾ ਰਹੀ ਹੈ। ਜ਼ਿਲ੍ਹਾ ਸੈਨਿਕ ਭਲਾਈ ਅਫਸਰ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਨੌਜਵਾਨਾਂ ਨੂੰ ਭਰਤੀ ਦੇ ਯੋਗ ਬਣਾਉਣ ਲਈ ਸੈਨਿਕ ਭਲਾਈ ਦਫਤਰ ਜਲੰਧਰ ਵਿਖੇ ਪ੍ਰੀਰਿਕਰੂਟਮੈਂਟ ਟ੍ਰੇਨਿੰਗ ਕੇਡਰ 7 ਜਨਵਰੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਉਪਰੋਕਤ ਜ਼ਿਲ੍ਹਿਆਂ ਨਾਲ ਸੰਬੰਧਤ ਭਰਤੀ ਦੇ ਚਾਹਵਾਨ ਉਮੀਦਵਾਰ ਆਪਣੀ ਮੁੱਢਲੀ ਜਾਂਚ ਪੜਤਾਲ ਲਈ ਆਪਣੇ ਯੋਗਤਾ ਦੇ ਅਸਲ ਸਰਟੀਫਿਕੇਟ ਲੈ ਕੇ 7 ਜਨਵਰੀ ਨੂੰ ਸਵੇਰੇ 8.30 ਵਜੇ ਜ਼ਿਲ੍ਹਾ ਸੈਨਿਕ ਭਲਾਈ ਦਫਤਰ ਸ਼ਾਸਤਰੀ ਮਾਰਕੀਟ ਜਲੰਧਰ ਵਿਖੇ ਹਾਜ਼ਰ ਹੋਣ ਨੂੰ ਯਕੀਨੀ ਬਣਾਉਣ। ਮੁੱਢਲੀ ਛਾਣਬੀਨ ਵਿੱਚੋਂ ਪਾਸ ਉਮੀਦਵਾਰਾਂ ਦਾ ਮੈਡੀਕਲ ਟੈਸਟ 8 ਜਨਵਰੀ ਨੂੰ ਲਿਆ ਜਾਵੇਗਾ। ਲੋੜਵੰਦ ਉਮੀਦਵਾਰਾਂ ਨੂੰ ਮੁਫਤ ਹੋਸਟਲ ਸੁਵਿਧਾ ਦਿੱਤੀ ਜਾਵੇਗੀ। ਸਾਬਕਾ ਸੈਨਿਕਾਂ ਅਤੇ ਅਨੁਸੂਚਿਤ ਜਾਤੀ ਕੈਟਾਗਰੀ ਨਾਲ ਸੰਬੰਧਤ ਆਸ਼ਰਿਤਾਂ ਨੂੰ ਮੁਫਤ ਖਾਣਾ ਮਹੱਈਆ ਕਰਵਾਇਆ ਜਾਵੇਗਾ।

ਹਾਦਸੇ ਦੌਰਾਨ ਨੌਜਵਾਨ ਦੀ ਮੌਤ, ਦੋ ਗੰਭੀਰ ਜ਼ਖਮੀ

ਮਾਛੀਵਾੜਾ, 5 ਜਨਵਰੀ (ਪ.ਪ.)-ਸੰਘਣੀ ਧੁੰਦ ਕਾਰਨ ਬੀਤੇ ਦਿਨੀਂ ਵਾਪਰੇ ਦਰਦਨਾਕ ਹਾਦਸੇ ਦੌਰਾਨ ਜਿੱਥੇ ਸ਼ਹਿਰ ਦੀ ਇੰਦਰਾ ਕਾਲੋਨੀ ਦੇ ਵਸਨੀਕ ਗਰੀਬ ਪਰਿਵਾਰ ਦਾ ਰੋਜ਼ੀ ਰੋਟੀ ਕਮਾਉਣ ਵਾਲੇ ਨੌਜਵਾਨ ਦੀ ਮੌਤ ਹੋ ਗਈ ਹੈ, ਉਥੇ ਨਾਲ ਹੀ ਉਸ ਦੇ ਦੋ ਹੋਰ ਸਾਥੀ ਵੀ ਜ਼ਖਮੀ ਹੋ ਗਏ, ਜਾਣਕਾਰੀ ਅਨੁਸਾਰ ਬਲਜੀਤ ਸਿੰਘ ਉਰਫ ਗੋਗਾ ਜੋ ਇਸੇ ਕਾਲੋਨੀ ਦਾ ਹੀ ਵਾਸੀ ਹੈ, ਆਪਣੇ ਟੈਂਪੂ ਵਿੱਚ ਦਾਲਾਂ ਲੈ ਕੇ ਦਿੱਲੀ ਤੋਂ ਪੰਜਾਬ ਆ ਰਿਹਾ ਸੀ। ਰਾਜਪੁਰੇ ਨੇੜੇ ਚੌਂਕ ਕੋਲ ਖੜੇ ਗੈਸ ਟੈਂਕਰ ਨਾਲ ਉਸ ਦਾ ਟੈਂਪੂ ਟਕਰਾ ਗਿਆ। ਟੱਕਰ ਇੰਨੀ ਭਿਆਨਕ ਸੀ ਕਿ ਉਸ ਵਿੱਚ ਸਵਾਰ ਕਰੀਬ 17 ਸਾਲਾ ਨੌਜਵਾਨ ਮਨਦੀਪ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਦਰਸ਼ੀ ਨਾਮਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ, ਜਦਕਿ ਚਾਲਕ ਨੂੰ ਮਾਮੂਲੀ ਸੱਟਾਂ ਆਈਆਂ ਹਨ।

ਨਰੇਗਾ ਹੇਠ 8 ਕਰੋੜ 70 ਲੱਖ ਜਾਬ ਕਾਰਡ ਜਾਰੀ, 2 ਕਰੋੜ 30 ਲੱਖ ਪਰਿਵਾਰਾਂ ਨੂੰ ਦਿੱਤਾ ਰੁਜ਼ਗਾਰ

ਜਲੰਧਰ, 5 ਜਨਵਰੀ (ਅ.ਬ.)-ਕੌਮੀ ਪੇਂਡੂ ਰੁਜ਼ਗਾਰ ਪ੍ਰੋਗਰਾਮ ਅਗਲੇ ਮਹੀਨੇ ਚਾਰ ਵਰ੍ਹੇ ਪੂਰੇ ਕਰ ਰਿਹਾ ਹੈ। ਦੇਸ਼ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਦਿਹਾਤੀ ਰੁਜ਼ਗਾਰ ਪ੍ਰੋਗਰਾਮ ਲਾਗੂ ਹੋਣ ਮਗਰੋਂ ਪੇਂਡੂ ਖੇਤਰਾਂ ਵਿੱਚ ਮਹੱਤਵਪੂਰਨ ਤਬਦੀਲੀ ਆਉਣ ਦੇ ਸੰਕੇਤ ਦਿੰਦਾ ਹੈ। ਨਰੇਗਾ ਲਾਗੂ ਹੋਣ ਨਾਲ ਪੇਂਡੂ ਮਜ਼ਦੂਰਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਇਆ ਹੈ ਤੇ ਕੰਮ ਦੀ ਤਲਾਸ਼ ਵਿੱਚ ਦੂਜੇ ਰਾਜਾਂ ਵਿੱਚ ਜਾਣਦੀ ਰੁਝਾਨ ਵਿੱਚ ਵੀ ਕਮੀ ਆਈ ਹੈ। ਨਰੇਗਾ ਹੇਠ ਕੀਤੇ ਗਏ ਕੰਮਾਂ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਡਿੱਗਣ ਤੋਂ ਬਚਾਉਣ ਵਿੱਚ ਸਹਾਇਤਾ ਮਿਲੀ ਹੈ ਤੇ ਭੋਂ ਦੀ ਉਤਪਾਦਕਤਾ ਵੀ ਵਧੀ ਹੈ। ਬੰਜਰ ਅਤੇ ਫਾਲਤੂ ਪਈਆਂ ਜ਼ਮੀਨਾਂ ਉੱਤੇ ਬੂਟੇ ਲਾਉਣ ਦਾ ਕੰਮ ਵੱਡੀ ਪੱਧਰ ਤੇ ਕੀਤਾ ਗਿਆ ਹੈ। ਨਰੇਗਾ ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਨਾਂਅ ਉੱਤੇ ਸਮਰਪਿਤ ਕਰਨ ਲਈ ਬਿੱਲ ਨੂੰ ਲੋਕ ਸਭਾ ਨੇ 15 ਦਸੰਬਰ, 2009 ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ। ਨਰੇਗਾ ਹੇਠ ਹੁਣ ਤੱਕ ਤਕਰੀਬਨ 8 ਕਰੋੜ 70 ਲੱਖ ਜਾਬ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਜਾਬ ਕਾਰਡ ਹਾਸਲ ਕਰਨ ਵਾਲਿਆਂ ਵਿੱਚ ਇੱਕ ਕਰੋੜ 74 ਲੱਖ ਅਨੁਸੂਚਿਤ ਜਾਤੀਆਂ ਤੇ ਇੱਕ ਕਰੋੜ 74 ਲੱਖ ਅਨੁਸੂਚਿਤ ਜਾਤੀਆਂ ਤੇ ਇੱਕ ਕਰੋੜ 30 ਲੱਖ ਅਨੁਸੂਚਿਤ ਜਨ-ਜਾਤੀਆਂ ਦੇ ਲੋਕ ਸ਼ਾਮਲ ਹਨ। ਔਰਤਾਂ ਅਤੇ ਹੋਰਨਾਂ ਵਰਗਾਂ ਨੂੰ 5 ਕਰੋੜ 65 ਲੱਖ ਜਾਬ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਸਾਲ 2009-10 ਵਿੱਚ ਦਸੰਬਰ ਮਹੀਨੇ ਤੱਕ ਦ ਕਰੋੜ 31 ਲੱਖ ਪਰਿਵਾਰਾਂ ਨੇ ਰੁਜ਼ਗਾਰ ਦੀ ਮੰਗ ਕੀਤੀ, ਜਿਨ੍ਹਾਂ ਵਿੱਚੋਂ 2 ਕਰੋੜ 30 ਲੱਖ ਪਰਿਵਾਰਾਂ ਨੂੰ ਨਰੇਗਾ ਹੇਠ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ। 77 ਹਜ਼ਾਰ 663 ਪਰਿਵਾਰ ਹੁਣ ਤੱਕ ਆਪਣੇ 100 ਦਿਨ ਦੇ ਰੁਜ਼ਗਾਰ ਦਾ ਟੀਚਾ ਹਾਸਲ ਕਰ ਚੁੱਕੇ ਹਨ। ਇਸ ਸਮੇਂ ਦੌਰਾਨ 74 ਕਰੋੜ 55 ਲੱਖ ਮਨੁੱਖੀ ਦਿਹਾੜਿਆਂ ਦੇ ਬਰਾਬਰ ਦਾ ਰੁਜ਼ਗਾਰ ਪੈਦਾ ਕੀਤਾ ਗਿਆ। ਇਨ੍ਹਾਂ ਵਿੱਚ ਅਨੁਸੂਚਿਤ ਜਨਜਾਤੀਆਂ ਦਾ ਹਿੱਸਾ 14 ਕਰੋੜ 60 ਲੱਖ ਦਿਹਾੜੀਆਂ ਦਾ ਰਿਹਾ। ਨਰੇਗਾ ਵਰਕਰਾਂ ਨੂੰ ਮਜ਼ਦੂਰੀ ਦੇ ਭੁਗਤਾਨ ਵਿੱਚ ਪਾਰਦਰਸ਼ਤਾ ਲਿਆਉਣ ਵਾਸਤੇ ਭੁਗਤਾਨ ਬੈਂਕਾਂ, ਡਾਕਖਾਨਿਆਂ ਰਾਹੀਂ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਨਰੇਗਾ ਵਰਕਰਾਂ ਨੂੰ ਜਨਸ੍ਰੀ ਬੀਮਾ ਯੋਜਨਾ ਤੇ ਰਾਸ਼ਟਰੀ ਪੇਂਡੂ ਸਿਹਤ ਬੀਮਾ ਯੋਜਨਾ ਦੇ ਘੇਰੇ ਵਿੱਚ ਲਿਆਂਦਾ ਗਿਆ।

ਵਿਕਾਸ ਕਾਰਜ ਕੈਪਟਨ ਸਰਕਾਰ ਸਮੇਂ ਹੀ ਹੋਏ-ਪੰਧੇਰ

ਰੁੜਕੇ ਕਲਾਂ, 5 ਜਨਵਰੀ (ਡਾ. ਬਿੰਦੀ)-ਕੈਪਟਨ ਸਰਕਾਰ ਦੇ ਹੁੰਦੇ ਵਿਕਾਸ ਕਾਰਜ ਦੀ ਕੋਈ ਵੀ ਢਿੱਲ ਨਹੀਂ ਸੀ। ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੇਲ ਸਿੰਘ ਪੰਧੇਰ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀ ਇਹ ਘਟੀਆ ਕਾਰਗੁਜ਼ਾਰੀ ਹੋ ਚੱਲੀ ਹੈ। ਕਿਸੇ ਵੀ ਮਹਿਕਮੇ ਤੇ ਕੋਈ ਵੀ ਕੰਟਰੋਲ ਨਹੀਂ ਹੈ। ਹਰ ਇੱਕ ਮਹਿਕਮਾ ਆਪਣੀ ਮਰਜ਼ੀ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਥਾਣਿਆਂ ਵਿੱਚ ਲੋਕਾਂ ਉੱਤੇ ਝੂਠੇ ਪਰਚੇ ਧੜਾ-ਧੜ ਹੋ ਰਹੇ ਹਨ ਅਤੇ ਵਿਰੋਧੀ ਪਾਰਟੀ ਦੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ। ਅੱਗੇ ਥਾਣਿਆਂ ਵਿੱਚ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੈਪਟਨ ਸਰਕਾਰ ਹੁੰਦਿਆਂ ਕੋਈ ਵੀ ਅਕਾਲੀ-ਆਗੂ ਉੱਤੇ ਕੋਈ ਝੂਠਾ ਪਰਚਾ ਨਹੀਂ ਕੀਤਾ ਗਿਆ ਅਤੇ ਕੋਈ ਵੀ ਜ਼ਬਰਦਸਤੀ ਨਹੀਂ ਕੀਤੀ ਗਈ। ਪਰ ਬਾਦਲ ਸਰਕਾਰ ਬਣਦਿਆਂ ਠੀਕ 8 ਦਿਨ ਬਾਅਦ ਇਹ ਧੱਕੇਸ਼ਾਹੀਆਂ ਹੋਣ ਲੱਗ ਪਈਆਂ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਕੈਪਟਨ ਧੜੇ ਨਾਲ ਖੜ੍ਹੇ ਹਨ ਅਤੇ ਅਕਾਲੀਆਂ ਨੂੰ ਬੜੀ ਸ਼ਰਮਨਾਕ ਹਾਰ ਦੇਣਗੇ। ਸ.ਪੰਧੇਰ ਨੇ ਦੱਸਿਆ ਕਿ ਮੌਜੂਦਾ ਸਰਕਾਰ ਬਿਜਲੀ ਦੇ ਬਿੱਲ ਲੱਗਾ ਰਹੀ ਹੈ, ਜਿਸ ਵਿੱਚ ਲੋਕ ਡੱਟ ਕੇ ਵਿਰੋਧ ਕਰ ਰਹੇ ਹਨ।

ਮੁਕਾਬਲੇ ਵਿੱਚ ਪਾਕਿਸਤਾਨੀ ਸਮਗਲਰ ਮਾਰਿਆ ਗਿਆ

ਅੰਮ੍ਰਿਤਸਰ, 5 ਜਨਵਰੀ (ਮੋਤਾ ਸਿੰਘ)-ਭਾਰਤ-ਪਾਕਿ ਸਰਹੱਦ ਰਾਜਤਾਲ ਲਾਗੇ ਪਾਕਿਸਤਾਨੀ ਸਮਗਲਰਾਂ ਤੇ ਬੀ.ਐੱਸ.ਐੱਫ. ਵਿੱਚ ਹੋਏ ਮੁਕਾਬਲੇ ਵਿੱਚ ਇੱਕ ਪਾਕਿਸਤਾਨੀ ਸਮਗਲਰ ਮਾਰਿਆ ਗਿਆ। ਉਸ ਪਾਸੋਂ ਸਾਢੇ 5 ਕਿੱਲੋ ਹੈਰੋਇਨ, 20 ਲੱਖ ਦੀ ਜਾਲ੍ਹੀ ਕਰੰਸੀ, ਇੱਕ ਚੀਨੀ ਮਾਡਲ ਪਿਸਤੌਲ, 7 ਜ਼ਿੰਦਾ ਗੋਲੀਆਂ ਬਰਾਮਦ ਹੋਈਆਂ ਹਨ। ਬੀਤੀ ਰਾਤ ਭਾਰਤ ਪਾਕਿ ਸਰਹੱਦ 'ਤੇ ਪੈਂਦੇ ਪਿੰਡ ਰਾਜਤਾਲ ਵਿਖੇ ਪਾਕਿਸਤਾਨੀ ਸਮਗਲਰਾਂ ਤੇ ਬੀ.ਐੱਸ.ਐੱਫ. ਦੇ ਜਵਾਨਾਂ ਵਿੱਚ ਮੁਕਾਬਲਾ ਹੋਇਆ, ਜਿਸ ਵਿੱਚ ਇੱਕ ਪਾਕਿਸਤਾਨੀ ਸਮਗਲਰ ਮੁਕਾਬਲੇ ਵਿੱਚ ਮਾਰਿਆ ਗਿਆ।

ਔਰਤ ਨੂੰ ਪੂਰਨ ਸਿੱਖਿਅਤ ਕਰਕੇ ਹੀ ਇੱਕ ਚੰਗੇ ਸਮਾਜ ਦੀ ਸਿਰਜਣਾ ਸੰਭਵ ਹੈ-ਸੀਤਲ ਸਿੰਘ

ਜੈਤੋ, 5 ਜਨਵਰੀ (ਜੋਗਿੰਦਰ ਕਾਲੜਾ)-ਔਰਤ ਨੂੰ ਪੂਰਨ ਸਿੱਖਿਅਤ ਕਰਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਸੰਭਵ ਹੈ। ਅੱਜ ਦੇ ਅਜੋਕੇ ਯੁੱਗ ਅੰਦਰ ਰੋਟੀ, ਕੱਪੜਾ ਤੇ ਮਕਾਨ ਦੀਆਂ ਮੁੱਖ ਲੋੜਾਂ ਨਾਲ ਵਿੱਦਿਆ ਵੀ ਬਹੁਤ ਜ਼ਰੂਰੀ ਲੋੜ ਬਣ ਚੁੱਕੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਾਰਲੀਮਾਨੀ ਸਕੱਤਰ ਵਿਧਾਇਕ ਸੀਤਲ ਸਿੰਘ ਨੇ ਭਾਈ ਭਗਤੂ ਗਰਲਜ਼ ਕਾਲਜ ਭਗਤੂਆਣਾ ਵਿਖੇ ਪਹੁੰਚਣ 'ਤੇ ਪ੍ਰਗਟ ਕੀਤੇ ਗਏ। ਇਸ ਮੌਕੇ ਉਨ੍ਹਾਂ ਕਾਲਜ ਸੰਚਾਲਕ ਸੰਤ ਬਾਬਾ ਕ੍ਰਿਸ਼ਨਾ ਨੰਦ ਜੀ ਸ਼ਾਸਤਰੀ ਦੇ ਉਪਰਾਲੇ ਦੀ ਪ੍ਰਸੰਸਾ ਕੀਤੀ ਅਤੇ ਕਾਲਜ ਨੂੰ 2 ਲੱਖ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਕਾਲਜ ਨੂੰ ਹੋਰ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਇਸ ਕਾਲਜ ਦੇ ਸੰਚਾਲਕ ਸੰਤ ਬਾਬਾ ਕ੍ਰਿਸ਼ਨਾ ਨੰਦ ਜੀ ਸ਼ਾਸਤਰੀ ਵੱਲੋਂ ਸੀਤਲ ਕਾਲਜ ਵਿਖੇ ਪਹੁੰਚਣ 'ਤੇ ਜੀ ਆਇਆਂ ਕਿਹਾ ਗਿਆ ਅਤੇ ਯਾਦਗਾਰੀ ਚਿੰਨ੍ਹ ਦਿੱਤੇ ਗਏ। ਇਸ ਮੌਕੇ ਉਨ੍ਹਾਂ ਸੂਬਾ ਸਿੰਘ ਬਾਦਲ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕਾਲਜ ਕਮੇਟੀ ਅਤੇ ਸਟਾਫ ਵਿੱਚ ਪਲਵਿੰਦਰ ਸਿੰਘ ਅਰੋੜਾ, ਜਗਰੂਪ ਸਿੰਘ ਮੁਕਤਸਰ, ਬਿੱਟੂ ਬਾਦਲ, ਜੀਵਨ ਗਰਗ, ਪ੍ਰਿੰਸੀਪਲ ਮੈਡਮ ਕਿਰਨਦੀਪ ਕੌਰ, ਮੈਡਮ ਇੰਦਰਜੀਤ ਕੌਰ ਆਦਿ ਸਮੂਹ ਸਟਾਫ ਹਾਜ਼ਰ ਸੀ।

ਨਕਦੀ ਖੋਹ ਕੇ ਫਰਾਰ

ਭਵਾਨੀਗੜ੍ਹ, 5 ਜਨਵਰੀ (ਲਖਵਿੰਦਰ ਪਾਲ ਗਰਗ)-ਸਥਾਨਕ ਸ਼ਹਿਰ ਦੇ ਇੱਕ ਦੁੱਧ ਦੇ ਵਪਾਰੀ ਤੋਂ ਨੇੜਲੇ ਪਿੰਡ ਕਾਨਗੜ੍ਹ ਤੇ ਬਾਸੀਅਰਖ ਕੋਲ ਇੰਡਿਕਾ ਕਾਰ ਵਿੱਚ ਸਵਾਰ ਅਣਪਛਾਤੇ ਚਾਰ ਵਿਅਕਤੀਆਂ ਨੇ ਗੱਡੀ ਤੇ ਹਮਲਾ ਕਰਕੇ ਕਰੀਬ ਤਿੰਨ ਲੱਖ ਰੁਪਏ ਦੀ ਨਕਦੀ ਸਮੇਤ ਦੋ ਮੋਬਾਇਲ ਖੋਹ ਕੇ ਫਰਾਰ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ।

ਇੰਗਲੈਂਡ ਦੀਆਂ ਪੰਥਕ ਜਥੇਬੰਦੀਆਂ...

ਸਫਾ 1 ਦੀ ਬਾਕੀ

ਹੋਰ ਸਹਿਯੋਗੀ ਜਥੇਬੰਦੀਆ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਉਪਰਾਲੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵਧਾਈ ਦੇ ਪਾਤਰ ਹਨ। ਸਾਰੀਆਂ ਪੰਥਕ ਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਇੰਗਲੈਂਡ ਦੀ ਸਮੁੱਚੀ ਸੰਗਤ ਦੋਵਾਂ ਆਗੂਆਂ ਦੇ ਨਾਲ ਚੱਟਾਨ ਵਾਂਗ ਖੜੀ ਹੈ।

ਉਨ੍ਹਾਂ ਇਸ ਗੱਲ ਦਾ ਸਖ਼ਤ ਨੋਟਿਸ ਲਿਆ ਕਿ ਇੰਗਲੈਂਡ ਦੇ ਕੁਝ ਕਾਗਜ਼ੀ ਨੇਤਾ ਇੰਗਲੈਂਡ ਦੀ ਸੰਗਤ ਵੱਲੋਂ ਨਾਨਕਸ਼ਾਹੀ ਕੈਲੰਡਰ ਦੀ ਸੋਧ ਦੇ ਵਿਰੁੱਧ ਬਿਆਨ ਜਾਰੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਇੱਕ ਟੋਨੀ ਨਾਮ ਦਾ ਕਾਗਜ਼ੀ ਨੇਤਾ ਪੰਥ ਵਿਰੋਧੀ ਅਖ਼ਬਾਰਾਂ ਵਿੱਚ ਕਾਗਜ਼ੀ ਬਿਆਨ ਦੇ ਰਿਹਾ ਹੈ। ਜਦੋਂਕਿ ਉਸ ਨੂੰ ਇੰਗਲੈਂਡ ਵਿੱਚ ਕੋਈ ਨਹੀਂ ਜਾਣਦਾ। ਉਨ੍ਹਾਂ ਕਿਹਾ ਕਿ ਸਾਰੀਆਂ ਪੰਥਕ ਧਿਰਾਂ ਦਮਦਮੀ ਟਕਸਾਲ ਦੀ ਪਹਿਲਕਦਮੀ ਉਪਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਏ ਗਏ ਫੈਸਲੇ ਨਾਲ ਖੜੀਆਂ ਹਨ।

ਰਾਠੌਰ ਖਿਲਾਫ ਪਰਚਾ ਦਰਜ...

ਸਫਾ 1 ਦੀ ਬਾਕੀ

ਖੁਦਕੁਸ਼ੀ ਕਰਨ ਲਈ ਮਜ਼ਬੂਰ ਕਰਨ ਦੇ ਦੋਸ਼ ਵਿੱਚ ਕੇਸ ਨਹੀਂ ਸੀ ਚਲਾਇਆ। ਆਖਰ ਸਰਕਾਰ ਨੂੰ ਮੀਡੀਆ ਦੇ ਦਬਾਅ ਤੇ ਸਮਾਜਿਕ, ਸਿਆਸੀ ਅਤੇ ਧਾਰਮਿਕ ਜੱਥੇਬੰਦੀਆਂ ਦੇ ਦਬਾਅ ਹੇਠ ਹੁਣ ਦਫਾ 306 ਤਹਿਤ ਕੇਸ ਦਰਜ ਕਰਨਾ ਪਿਆ।

ਰਾਠੌਰ ਨੂੰ ਪੁਲਿਸ ਅਜੇ ਗ੍ਰਿਫਤਾਰ ਨਹੀਂ ਕਰ ਸਕਦੀ, ਕਿਉਂਕਿ 7 ਜਨਵਰੀ ਤੱਕ ਅਦਾਲਤ ਨੇ ਉਨ੍ਹਾਂ ਨੂੰ ਅੰਤਿਮ ਅਗਾਊਂ ਜਮਾਨਤ ਦਿੱਤੀ ਹੋਈ ਹੈ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਨੇ ਅੱਜ ਇੱਥੇ ਇੱਕ ਪੱਤਰ ਕੇਂਦਰੀ ਗ੍ਰਹਿ ਮੰਤਰਾਲਾ ਅਤੇ ਹੋਰਾਂ ਅਧਿਕਾਰੀਆਂ ਨੂੰ ਲਿਖ ਕੇ ਰੁਚਿਕਾ ਦੇ ਮਾਮਲੇ ਦੀ ਜਾਂਚ ਪੜਤਾਲ ਦਾ ਕੰਮ ਸੀ.ਬੀ.ਆਈ. ਨੂੰ ਦੇਣ ਲਈ ਕੇਂਦਰ ਨੂੰ ਸਿਫਾਰਸ਼ ਕੀਤੀ ਹੈ।

ਬਹੁ-ਚਰਚਿਤ ਰੁਚਿਕਾ ਗਿਰਹੋਤਰਾ ਮਾਮਲੇ ਵਿੱਚ ਦੋਸ਼ੀ ਹਰਿਆਣਾ ਦੇ ਸਾਬਕਾ ਡੀ.ਜੀ.ਪੀ., ਐਸ.ਪੀ.ਐਸ. ਰਾਠੌਰ ਦੇ ਖ਼ਿਲਾਫ ਅੱਜ ਇੱਕ ਹੋਰ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਚਕੂਲਾ ਦੇ ਐਸ.ਪੀ. ਮਨੀਸ਼ ਚੌਧਰੀ ਨੇ ਕਿਹਾ ਕਿ ਰਾਠੌਰ ਖ਼ਿਲਾਫ ਆਈ.ਪੀ.ਸੀ. ਦੀ ਧਾਰਾ 306 ਤਹਿਤ ਰੁਚਿਕਾ ਨੂੰ ਆਤਮ-ਹੱਤਿਆ ਲਈ ਮਜਬੂਰ ਕਰਨ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਰੁਚਿਕਾ ਦੇ ਭਰਾ ਆਸ਼ੂ ਗਿਰਹੋਤਰਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਰੁਚਿਕਾ ਮਾਮਲੇ ਵਿਚ ਦੋਸ਼ੀ ਰਾਠੌਰ ਦੇ ਖਿਲਾਫ਼ ਇਹ ਤੀਸਰਾ ਮਾਮਲਾ ਹੈ।

ਉਤਰ ਪ੍ਰਦੇਸ਼ 'ਚ ਸ਼ੀਤ ਲਹਿਰ...

ਸਫਾ 1 ਦੀ ਬਾਕੀ

ਖੇਤਰਾਂ ਵਿੱਚ ਹੋ ਰਹੀ ਬਰਫ਼ਬਾਰੀ ਦੇ ਕਾਰਨ ਉਥੋਂ ਆਉਣ ਵਾਲੀਆਂ ਹਵਾਵਾਂ ਇੱਥੇ ਠੰਡ ਵਧਾ ਰਹੀਆਂ ਹਨ। ਉਹਨਾਂ ਕਿਹਾ ਕਿ ਕੜਾਕੇ ਦੀ ਸਰਦੀ ਦਾ ਇਹ ਦੌਰ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਕੜਾਕੇ ਦੀ ਠੰਡ ਕਾਰਨ 100 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਸੀ।

ਹੁਣ ਪੰਜਾਬ ਰੋਡਵੇਜ਼ ਵਿੱਚ ਸਫਰ...

ਸਫਾ 1 ਦੀ ਬਾਕੀ

ਦੁਰਘਟਨਾ ਵਿੱਚ ਸ਼ਿਕਾਰ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਦੋ ਲੱਖ ਰੁਪਏ ਅਤੇ ਫੱਟੜਾਂ ਦੇ ਆਸ਼ਰਿਤਾਂ ਨੂੰ 50 ਹਜ਼ਾਰ ਰੁਪਏ ਦੇਣ ਦੀ ਯੋਜਨਾ ਹੈ। ਇਸ ਸਬੰਧੀ ਸੰਪਰਕ ਕਰਨ ਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਆਰ.ਵੈਂਕਟਾਰਮਨ ਨੇ ਦੱਸਿਆ ਕਿ ਯਾਤਰੂਆਂ ਦੀ ਸਹੂਲਤ ਦੇ ਲਈ ਇਹ ਯੋਜਨਾ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਜਲਦ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਬੀਮਾ ਰਾਸ਼ੀ ਕਿੰਨੀ ਹੋਵੇਗੀ। ਕਦੋਂ ਤੇ ਲਾਗੂ ਇਸ ਸਬੰਧੀ ਫੈਸਲਾ ਜਲਦੀ ਮੁੱਖ ਮੰਤਰੀ ਨਾਲ ਮੀਟਿੰਗ ਕਰਕੇ ਕੀਤਾ ਜਾਵੇਗਾ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਲੰਬੇ ਸਮੇਂ ਤੋਂ ਗਵਾਂਢੀ ਰਾਜ ਹਿਮਾਚਲ ਪ੍ਰਦੇਸ਼ ਦੇ ਪੈਟਰਨ ਤੇ ਬੱਸ ਬੀਮਾ ਯੋਜਨਾ ਸ਼ੁਰੂ ਕਰਨ ਤੇ ਵਿਚਾਰ ਕਰ ਰਹੀ ਹੈ। ਜਿੱਥੇ ਹਰ ਬੱਸ ਵਿੱਚ ਕਿਸੇ ਵੀ ਯਾਤਰੂ ਦੀ ਬੀਮਾ ਦਾ ਪ੍ਰੀਮੀਅਮ ਟਿਕਟ ਦੇ ਵਿੱਚ ਹੀ ਸ਼ਾਮਲ ਕਰਕੇ ਲੈ ਲਿਆ ਜਾਂਦਾ ਹੈ, ਜੋ ਆਟਮੈਟਿਕ ਬੀਮਾ ਹੈ।

ਪੰਜਾਬ ਰੋਡਵੇਜ ਦੇ ਬੇੜੇ ਵਿਚ...

ਸਫਾ 1 ਦੀ ਬਾਕੀ

600 ਨਵੀਆਂ ਬੱਸਾਂ ਸਾਲ 2010 ਸਾਲ 2011 ਵਿਚ ਨਵੀਆਂ ਪਾਈਆਂ ਜਾਣਗੀਆਂ ਤਾਂ ਜੋ ਲੋਕ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿਚ ਅਰਾਮ ਨਾਲ ਸਫਰ ਕਰ ਸਕਣ। ਉਨ੍ਹਾਂ ਆਖਿਆ ਕਿ ਸਰਕਾਰ ਨੇ ਉਤਰਾਂਚਲ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਰਾਜਸਥਾਨ ਦੇ ਡਿਪੂਆਂ ਨਾਲ ਸਮਝੌਤਾ ਕਰਕੇ 100 ਏ.ਸੀ. ਬੱਸਾਂ ਲੰਬੇ ਰੂਟਾਂ ਤੇ ਚਲਾਈਆਂ ਗਈਆਂ ਹਨ। ਉਨ੍ਹਾਂ ਅੱਗੇ ਆਖਿਆ ਕਿ ਪੰਜਾਬ ਦੇ ਸਮੂਹ ਟਰਾਂਸਪੋਰਟ ਦਫਤਰਾਂ ਵਿਚ ਕੰਮ ਤੇਜ਼ੀ ਨਾਲ ਕਰਾਉਣ ਸਬੰਧੀ ਦਫਤਰਾਂ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ। ਟਰਾਂਸਪੋਰਟ ਦਫਤਰਾਂ ਵਿਚ ਕੰਮ ਦਾ ਬੋਝ ਘਟਾਉਣ ਲਈ ਪੰਜਾਬ ਦੇ ਵੱਖ-ਵੱਖ ਕਾਰ ਡੀਲਰਾਂ ਨੂੰ ਰਜਿਸਟ੍ਰੇਸ਼ਨ ਕਾਪੀਆਂ ਬਣਾਉਣ ਦਾ ਕੰਮ ਸੌਂਪਿਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਸ.ਕਰਨ ਸਿੰਘ, ਮੋਟਰ ਵਹੀਕਲ ਇੰਸਪੈਕਟਰ ਰਣਪ੍ਰੀਤ ਸਿੰਘ ਭਿਓਰਾ ਵੀ ਹਾਜ਼ਰ ਸਨ।